# ਜਮਾਤ – ਦਸਵੀਂ

# ਨਿਬੰਧ – ਮੇਰੇ ਵੱਡੇ ਵਡੇਰੇ

## ਲੇਖਕ – ਗਿਆਨੀ ਗੁਰਦਿੱਤ ਸਿੰਘ




**ਪ੍ਰਸ਼ਨ 1. ਛਾਪੇ ਪਿੰਡ ਵਾਲਿਆਂ ਨੇ ਲੇਖਕ ਦੇ ਵਡੇਰਿਆਂ ਤੋਂ ਨਾਤਾ ਕਿਉਂ ਤੋੜ ਲਿਆ?**

ਉੱਤਰ: ਛਾਪੇ ਪਿੰਡ ਵਾਲਿਆਂ ਨੇ ਲੇਖਕ ਦੇ ਵਡੇਰਿਆਂ ਨੂੰ ਵਿਆਹ ਤੇ ਸੱਦਿਆ ਤਾਂ ਉਹ ਮੇਲ-ਗੇਲ ਲਈ ਬਣਾਏ ਪ੍ਰਸ਼ਾਦ ਦੇ ਕੜਾਹੇ ਨੂੰ ਇਕੱਲੇ ਹੀ ਚਟੱਮ ਕਰ ਗਏ, ਜਿਸ ਕਰਕੇ ਛਾਪੇ ਪਿੰਡ ਵਾਲੇ ਨਰਾਜ਼ ਹੋ ਗਏ ਤੇ ਉਨ੍ਹਾਂ ਨੇ ਲੇਖਕ ਦੇ ਵਡੇਰਿਆਂ ਨਾਲੋਂ ਆਪਣਾ ਨਾਤਾ ਤੋੜ ਲਿਆ।

**ਪ੍ਰਸ਼ਨ 2. ਪੁਰਾਣੇ ਸਮੇਂ ਵਿੱਚ ਭਲਵਾਨ ਕਿਵੇਂ ਪਿੰਡਾਂ ਉੱਤੇ ਫ਼ਤਹਿ ਪ੍ਰਾਪਤ ਕਰਦੇ ਸਨ?**

ਉੱਤਰ: ਪੁਰਾਣੇ ਸਮੇਂ ਵਿੱਚ ਭਲਵਾਨ ਢੋਲ ਵਾਲੇ ਨੂੰ ਨਾਲ ਲੈ ਕੇ ਦਿਗ-ਵਿਜੈ ਦਾ ਝੰਡਾ ਫੜ ਕੇ ਇੱਕ ਪਿੰਡ ਤੋਂ ਦੂਜੇ ਪਿੰਡ ਉੱਤੇ ਚੜ੍ਹਾਈ ਕਰਦੇ ਸਨ।ਉਨ੍ਹਾਂ ਦੇ ਨਾਲ ਮੁੰਡੀਹਰ ਤੇ ਕਈ ਪੱਠੇ ਚਾਂਭਲੇ ਹੁੰਦੇ।ਜਿਸ ਪਿੰਡ ਉਹ ਪੁੱਜਦੇ, ਉੱਥੋਂ ਦੇ ਲੋਕਾਂ ਲਈ ਉਨ੍ਹਾਂ ਦਾ ਸਵਾਗਤ ਕਰਨਾ ਜ਼ਰੂਰੀ ਹੁੰਦਾ।ਫਿਰ ਉਹ ਝੰਡਾ ਗੱਡ ਦਿੰਦੇ ਕਿ ਜੇਕਰ ਕੋਈ ਉੱਥੇ ਜ਼ੋਰ ਵਾਲਾ ਹੈ, ਤਾਂ ਉਨ੍ਹਾਂ ਨਾਲ ਘੁਲ ਲਵੇ।

**ਪ੍ਰਸ਼ਨ 3. ਲੋਕ ਭਲਵਾਨਾਂ ਦਾ ਸਤਿਕਾਰ ਕਿਵੇਂ ਕਰਦੇ ਸਨ?**

ਉੱਤਰ: ਲੋਕ ਭਲਵਾਨਾਂ ਦੇ ਸਵਾਗਤ ਲਈ ਉਨ੍ਹਾਂ ਨੂੰ ਘਿਓ ਇਕੱਠਾ ਕਰ ਕੇ ਦਿੰਦੇ ਸਨ ਅਤੇ ਗੁੜ ਤੇ ਕੱਪੜਿਆਂ ਦੇ ਥਾਨਾਂ ਦੀਆਂ ਪੰਡਾਂ ਬੰਨ੍ਹ ਦਿੰਦੇ ਸਨ।ਨਕਦੀ ਵੀ ਪੀਰਾਂ-ਫਕੀਰਾਂ ਵਾਂਗ ਚੜ੍ਹਾਈ ਜਾਂਦੀ ਸੀ।

**ਪ੍ਰਸ਼ਨ 4. ਬਾਬੇ ਪੁਨੂੰ ਤੇ ਭਲਵਾਨ ਵਿਚਕਾਰ ਹੋਈ ਕੁਸ਼ਤੀ ਦਾ ਵਰਣਨ ਕਰੋ।**

ਉੱਤਰ: ਬਾਬੇ ਪੁਨੂੰ ਨੇ ਆਰੰਭਿਕ ਹੱਥ ਕਰਨ ਮਗਰੋਂ ਪਹਿਲਵਾਨ ਦੀ ਠੋਡੀ ਹੇਠਾਂ ਕੂਹਣੀ ਦਾ ਹੋੜਾ ਦੇ ਕੇ ਮਗਰੋਂ ਗਰਦਨ ਵੱਲੋਂ ਵਲੇਵੇਂ ਨਾਲ ਉਸ ਨੂੰ ਬਾਹਾਂ ਉੱਪਰ ਅਜਿਹਾ ਚੁੱਕਿਆ ਕਿ ਸਾਰਾ ਭਾਰ ਠੋਡੀ ਤੇ ਗਰਦਨ ਉੱਪਰ ਆ ਜਾਣ ਨਾਲ ਉਸ ਦੇ ਆਨੇ ਬਾਹਰ ਆ ਗਏ।ਉਸ ਨੇ ਇਸ਼ਾਰਿਆਂ ਨਾਲ ਜਾਨ ਬਖ਼ਸ਼ਣ ਦਾ ਵਾਸਤਾ ਪਾ ਕੇ ਖਹਿੜਾ ਛੁਡਾਇਆ।ਲੋਕ ਪਹਿਲਵਾਨ ਨੂੰ ਘੇਰ ਕੇ ਅਖਾੜੇ ਵਿੱਚ ਲਿਆਉਣ, ਪਰ ਉਹ ਭੱਜਣ ਦਾ ਰਾਹ ਲੱਭੇ।ਅੰਤ ਬਾਬੇ ਦੀ ਜੈ-ਜੈ ਕਾਰ ਹੋ ਗਈ।

**ਪ੍ਰਸ਼ਨ 5.'ਕਿਧਰੇ ਸਾਡੇ ਬਾਬੇ ਵੀ ਕੋਈ ਕੋਈ ਦਿਓ-ਦਾਨੋ ਤਾਂ ਨਹੀਂ ਸਨ? 'ਮੇਰੇ ਵੱਡੇ ਵਡੇਰੇ ਲੇਖ ਦੇ ਪ੍ਰਸੰਗ ਵਿੱਚ ਇਸ ਕਥਨ ਦੀ ਪੁਸ਼ਟੀ ਕਰੋ।**



ਉੱਤਰ: ਲੇਖਕ ਦੇ ਬਾਬੇ ਨਰੋਏ ਸਰੀਰਾਂ ਦੇ ਮਾਲਕ, ਖ਼ੂਬ ਖਾਣ-ਪੀਣ ਵਾਲੇ, ਨਾਮੀ ਪਹਿਲਵਾਨਾਂ ਦੀਆਂ ਪਿੱਠਾਂ ਲਾਉਣ ਵਾਲੇ, ਵੱਡੇ-ਵੱਡੇ ਦਰੱਖਤਾਂ ਦੀਆਂ ਜੜ੍ਹਾਂ ਉਖਾੜ ਕੇ ਇਕੱਲਿਆਂ ਹੀ ਧੂਹ ਕੇ ਲੈ ਜਾਣ ਵਾਲੇ ਤੇ ਦਸ ਬਾਰਾਂ ਬੰਦਿਆਂ ਦੁਆਰਾ ਚੁੱਕੀ ਜਾਣ ਵਾਲੀ ਗੇਲੀ ਨੂੰ ਇਕੱਲਿਆਂ ਹੀ ਚੁੱਕ ਲੈਣ ਵਾਲੇ ਸਨ। ਉਨ੍ਹਾਂ ਦੀਆਂ ਭੈਣਾਂ ਵੀ ਅਜਿਹੀਆਂ ਤਕੜੀਆਂ ਸਨ।ਇਸ ਕਰਕੇ ਹੀ ਉਹ ਲੇਖਕ ਨੂੰ ਸਧਾਰਨ ਮਨੁੱਖ ਨਹੀਂ, ਸਗੋਂ ਦਿਓ-ਦਾਨੋ ਪ੍ਰਤੀਤ ਹੁੰਦੇ ਸਨ।

**ਪ੍ਰਸ਼ਨ 6. ਇਸ ਪਾਠ ਵਿੱਚ ਬਾਬਿਆਂ ਦੀਆਂ ਭੈਣਾਂ ਦੇ ਕਾਰਨਾਮਿਆਂ ਦਾ ਜੋ ਜ਼ਿਕਰ ਆਇਆ ਹੈ, ਆਪਣੇ ਸ਼ਬਦਾਂ ਵਿੱਚ ਲਿਖੋ।**

ਉੱਤਰ: ਬਾਬਿਆਂ ਦੀ ਇੱਕ ਭੈਣ ਸਿੱਟਿਆਂ ਦੀ ਇੱਕ ਪੰਡ ਚੁੱਕ ਕੇ ਘਰ ਲਿਆਈ ਸੀ, ਉਸ ਵਿੱਚੋਂ ਪੰਜ ਮਣ ਕੱਚੀ ਜੁਆਰ ਨਿਕਲੀ ਸੀ।ਉਨਾਂ ਦੀ ਚੜ੍ਹਿੱਕ ਵਿਆਹੀ ਭੈਣ ਨੇ ਉਸ ਮੁਗਦਰ ਨੂੰ ਦੋ ਵਾਰੀ ਚੁੱਕ ਕੇ ਖੋਲੇ ਵਿੱਚ ਸੁੱਟ ਦਿੱਤਾ, ਜਿਸ ਨੂੰ ਕੇਵਲ ਉੱਥੋਂ ਦੇ ਇੱਕ ਪਹਿਲਵਾਨ ਤੋਂ ਬਿਨਾਂ ਹੋਰ ਕੋਈ ਚੁੱਕ ਨਹੀਂ ਸੀ ਸਕਦਾ।

**ਪ੍ਰਸ਼ਨ 7. 'ਮੇਰੇ ਵੱਡੇ ਵਡੇਰੇ' ਲੇਖ ਦਾ ਸਾਰ ਲਿਖੋ।**

ਉੱਤਰ: ਲੇਖਕ ਦੇ ਵੱਡੇ ਵਡੇਰੇ ਪੁਰਾਣੇ ਪੰਜਾਬ ਦੇ ਮਨੁੱਖ ਸਨ, ਜਿਨ੍ਹਾਂ ਨੂੰ ਉਸ ਨੇ ਦੇਖਿਆ ਨਹੀਂ, ਸਗੋਂ ਸੁਣਿਆ ਹੈ।ਉਸ ਦੇ ਬਾਬੇ ਚਾਰ ਭਰਾ ਸਨ, ਜੋ ਨਰੋਏ ਸਰੀਰਾਂ ਵਾਲੇ ਦੱਬ ਕੇ ਵਾਹੁਣ ਅਤੇ ਰੱਜ ਕੇ ਖਾਣ ਵਾਲੇ ਸਨ।ਇੱਕ ਵਾਰ ਉਹ ਛਾਪੇ ਪਿੰਡ ਰਿਸ਼ਤੇਦਾਰਾਂ ਦੇ ਘਰ ਵਿਆਹ ਤੇ ਗਏ, ਉਹ ਮੇਲ-ਗੇਲ ਲਈ ਬਣਾਏ ਪ੍ਰਸ਼ਾਦ ਦਾ ਕੜਾਹਾ ਇਕੱਲੇ ਹੀ ਚਟੱਮ ਕਰ ਗਏ।ਨਰਾਜ਼ ਹੋ ਕੇ ਛਾਪੇ ਪਿੰਡ ਵਾਲਿਆਂ ਨੇ ਉਨ੍ਹਾਂ ਨਾਲ ਮਿਲਣਾ-ਵਰਤਣਾ ਬੰਦ ਕਰ ਦਿੱਤਾ।ਉਸਦੇ ਬਾਬੇ ਪੂਨੂੰ ਨੇ ਪਿੰਡ ਦੇ ਚੌਧਰੀ ਤੋਂ ਪੱਕੀ ਰਸਦ ਮੰਗਦੇ ਇੱਕ ਪਹਿਲਵਾਨ ਦੀ ਤੌਬਾ ਕਰਾ ਦਿੱਤੀ।ਉਸ ਦਾ ਇੱਕ ਬਾਬਾ ਹਨੇਰੀ ਨਾਲ ਡਿੱਗੇ ਇੱਕ ਭਾਰੇ ਸ਼ਹਿਤੂਤ ਨੂੰ ਬਿਨਾਂ ਛਾਂਗਿਆਂ ਘਸੀਟ ਕੇ ਘਰ ਲੈ ਗਿਆ।ਉਸ ਦਾ ਬਾਬਾ ਦਾਸ ਕੁੱਝ ਬੰਦਿਆਂ ਦੁਆਰਾ ਮੈਰੇ ਵਿੱਚ ਸੁੱਟੀ ਕਿੱਕਰ ਦੀ ਗੇਲੀ ਨੂੰ ਇਕੱਲਾ ਹੀ ਘਰ ਚੁੱਕ ਲਿਆਇਆ ਤੇ ਬਾਅਦ ਵਿੱਚ 80-90 ਸਾਲ ਬਾਅਦ ਉਹ ਲਟੈਣ 8-10 ਗੱਭਰੂਆਂ ਨੇ ਚੁੱਕ ਕੇ ਚੜ੍ਹਾਈ।ਬਾਬਿਆਂ ਦੀ ਇੱਕ ਭੈਣ ਦੁਆਰਾ ਚੁੱਕ ਕੇ ਲਿਆਂਦੀ ਸਿੱਟਿਆਂ ਦੀ ਪੰਡ ਵਿੱਚੋਂ ਪੰਜ ਮਣ ਕੱਚੀ ਜੁਆਰ ਨਿਕਲੀ।ਉਨ੍ਹਾਂ ਦੀ ਚੜ੍ਹਿਕ ਵਿਆਹੀ ਇੱਕ ਭੈਣ ਨੇ ਉੱਥੋਂ ਦੇ ਪਹਿਲਵਾਨ ਦਾ ਭਾਰਾ ਮੁਗਦਰ,ਜਿਸ ਨੂੰ ਹੋਰ ਕੋਈ ਗੱਭਰੂ

ਨਹੀਂ ਸੀ ਚੁੱਕ ਸਕਦਾ, ਦੋ ਵਾਰੀ ਚੁੱਕ ਕੇ ਪਰ੍ਹਾਂ ਵਗਾਹ ਮਾਰਿਆ, ਤਾਂ ਉਹ ਪਹਿਲਵਾਨ ਨਜ਼ਰਾਨਾ ਲੈ ਕੇ ਉਸ ਅੱਗੇ ਹਾਜਰ ਹੋਇਆ ਤੇ ਸਾਰੀ ਉਮਰ ਉਸ ਦੀ ਮਾਨਤਾ ਕਰਦਾ ਰਿਹਾ। ਉਸ ਭੈਣ ਦੇ ਮੱਖਣਾਂ ਨਾਲ ਪਾਲ਼ੇ ਦੋ ਪੁੱਤਰਾਂ ਵਿੱਚੋਂ ਇੱਕ ਮੰਗਲ ਸਿੰਘ ਨਾਮੀ ਪਹਿਲਵਾਨ ਬਣਿਆ। ਲੇਖਕ ਨੂੰ ਆਪਣੇ ਅਜਿਹੇ ਵੱਡੇ ਵਡੇਰੇ ਦਿਓ-ਦਾਨੋ ਜਾਪਦੇ ਸਨ।

## ਵਸਤੂਨਿਸ਼ਠ ਪ੍ਰਸ਼ਨ-ਉੱਤਰ:

1. 'ਮੇਰੇ ਵੱਡੇ-ਵਡੇਰੇ ਲੇਖ ਦਾ ਲੇਖਕ ਕੌਣ ਹੈ?
ਗਿਆਨੀ ਗੁਰਦਿੱਤ ਸਿੰਘ

2. ਲੇਖਕ ਦਾ ਇਕਹਿਰਾ ਸਰੀਰ ਵੇਖ ਕੇਪਿੰਡ ਦੇ ਪੁਰਾਣੇ ਲੋਕ ਕੀ ਕਹਿੰਦੇ ਹਨ?
ਕਾਗਜ਼ੀ ਭਲਵਾਨ

3. ਲੇਖਕ ਆਪਣੇ ਦਿਓ ਦਾਨਿਆਂ ਵਰਗੇ ਪੁਰਖਿਆਂ ਦੇ ਸਾਹਮਣੇ ਆਪਣੇ ਆਪ ਨੂੰ ਕੀ ਕਹਿੰਦਾ ਹੈ?
ਬਲੂੰਗੜਾ ਜਿਹਾ/ਕਾਗਜ਼ੀ ਪਹਿਲਵਾਨ

4. ਲੇਖਕ ਦੇ ਦਾਦੇ ਕਿੰਨੇ ਭਰਾ ਹਨ?
ਚਾਰ

5. ਦਾਸ/ਪੁਨੂੰ/ਰਾਮਦਿੱਤਾ/ਸਾਹਿਬ ਸਿੰਘ ਲੇਖਕ ਦੇ ਕੀ ਲੱਗਦੇ ਹਨ?
ਦਾਦੇ

6. ਲੇਖਕ ਦੇ ਦਾਦੇ ਵਿਆਹ ਉੱਤੇ ਕਿਸ ਪਿੰਡ ਗਏ?
ਛਾਪੇ ਪਿੰਡ

7. ਲੇਖਕ ਦੇ ਦਾਦੇ ਕਿਹੜੇ ਵੇਲ਼ੇ ਛਾਪੇ ਪਿੰਡ ਪਹੁੰਚੇ?
ਦੁਪਹਿਰ ਦੀ ਰੋਟੀ ਵੇਲੇ

8. ਬਾਬਿਆਂ ਨੇ ਕੀ ਚਟੱਮ ਕੀਤਾ?
ਪ੍ਰਸ਼ਾਦ ਦਾ ਕੜਾਹਾ

9. ਪਹਿਲਵਾਨ ਨੇ ਚੌਧਰੀ ਤੋਂ ਕੀ ਮੰਗਿਆ ਸੀ?
ਪੱਕੀ ਰਸਦ

10. ਚੌਧਰੀ ਚੜ੍ਹਤ ਸਿੰਘ ਪਿੰਡ ਦੀ ਲਾਜ ਬਚਾਉਣ ਲਈ ਕਿਸ ਕੋਲ ਗਿਆ ਸੀ?
ਬਾਬੇ ਪੁਨੂੰ ਕੋਲ

11. ਪਹਿਲਵਾਨ ਦਾ ਪਿੰਡਾ ਕਿਸ ਤਰ੍ਹਾਂ ਲਿਸ਼ਕ ਰਿਹਾ ਸੀ?
ਨਾਗ(ਸੱਪ) ਵਾਂਗ

12. ਬਾਬੇ ਪੁਨੂੰ ਦਾ ਪਿੰਡਾ ਕਿਸ ਤਰ੍ਹਾਂ ਦਾ ਸੀ?
ਖੁਰਦਰਾ

13. ਬਾਬੇ ਦਾਸ ਨੇ ਕਿਸ ਦਾ ਸਿੰਘ ਤੋੜਿਆ ਸੀ?
ਮਾਰ-ਖਾਂਡੇ ਢੱਠੇ ਦਾ (ਸਾਨ੍ਹ)

14. ਲੇਖਕ ਦਾ ਦਾਦਾ ਕਿੰਨੀਆਂ ਮਿਰਚਾਂ ਚੁੱਕ ਲਿਆਇਆ ਸੀ?
ਬਾਰਾਂ ਧੜੀਆਂ

15. ਬਾਬੇ ਦਾਸ ਨੇ ਕਾਹਦੀ ਲਟੈਣ ਚੁੱਕ ਕੇ ਘਰ ਲਿਆਂਦੀ?
ਕਿੱਕਰ ਦੀ

16. ਬਾਬੇ ਦਾਸ ਦੁਆਰਾ ਚੁੱਕੀ ਲਟੈਣ ਨੂੰ ਮਗਰੋਂ ਕਿੰਨੇ ਗੱਭਰੂਆਂ ਨੇ ਚੁੱਕਿਆ?
ਚਾਰ-ਪੰਜ

17. ਬਾਬਿਆਂ ਦੀ ਭੈਣ ਕਿੱਥੇ ਵਿਆਹੀ ਹੋਈ ਸੀ?
ਚੜਿੱਕ

18. ਬਾਬਿਆਂ ਦੀ ਭੈਣ ਦੇ ਪਹਿਲਵਾਨ ਮੁੰਡੇ ਦਾ ਨਾਂ ਕੀ ਸੀ?
ਮੰਗਲ ਸਿੰਘ

19. ਲੇਖਕ ਨੂੰ ਆਪਣੇ ਵੱਡੇ-ਵਡੇਰੇ ਕਿਹੋ ਜਿਹੇ ਜਾਪਦੇ ਸਨ?
ਦਿਓ-ਦਾਨ

ਤਿਆਰ ਕਰਤਾ
ਕਮਲਜੀਤ ਸਿੰਘ ਪੰਜਾਬੀ ਮਾਸਟਰ
ਸਹਸ ਰੱਤਾਖੇੜਾ (ਪਟਿਆਲਾ)